ਤੁਹਾਡੀ ਲਾਗ ਦਾ ਇਲਾਜ ਕਰਨਾ - ਪਿਸ਼ਾਬ ਪ੍ਰਣਾਲੀ ਦੀ ਲਾਗ (UTI) ਦੀਆਂ ਕਿਸਮਾਂ

ਸਾਲ ਤੋਂ ਘੱਟ ਉਮਰ ਦੀਆਂ ਉਹਨਾਂ ਔਰਤਾਂ ਲਈ ਜਿਨ੍ਹਾਂ ਨੂੰ ਸ਼ੱਕੀ ਆਧਾਰ ਤੇ ਪਿਸ਼ਾਬ ਪ੍ਰਣਾਲੀ ਦੀਆਂ ਨਿਮਨ ਲਾਗਾਂ (UTIs) ਜਾਂ ਵਾਰ-ਵਾਰ ਹੋਣ ਵਾਲੀਆਂ ਨਿਮਨ UTIs (ਸਿਸਟਾਈਟਇਸ ਜਾਂ ਯੂਰਇਥਰਾਈਟਇਸ) ਹਨ

ਪਿਸ਼ਾਬ ਪ੍ਰਣਾਲੀ ਦੇ ਸੰਭਾਵੀ ਲੱਛਣ

ਮੁੱਖ ਚਿੰਨ੍ਹ/ਲੱਛਣ:

ਤਕਲੀਫ਼ ਨਾਲ ਪਿਸ਼ਾਬ ਆਉਣਾ (ਡਾਇਸੂਰੀਆ): ਪਿਸ਼ਾਬ ਕਰਦੇ ਸਮੇਂ ਜਲਨ ਦੇ ਨਾਲ ਦਰਦ ਹੋਣਾ

ਨਵਾਂ ਸ਼ੁਰੂ ਹੋਇਆ ਰਾਤ ਵੇਲੇ ਪਿਸ਼ਾਬ ਕਰਨਾ (ਨੋਕਟੂਰੀਆ): ਰਾਤ ਵੇਲੇ ਪਿਸ਼ਾਬ ਕਰਨ ਦੀ ਲੋੜ

ਧੁੰਦਲਾ ਪਿਸ਼ਾਬ: ਨਜ਼ਰ ਆਉਣ ਵਾਲਾ ਧੁੰਦਲਾ ਰੰਗ

ਹੋਰ ਗੰਭੀਰ ਚਿੰਨ੍ਹ/ਲੱਛਣ:

ਵਾਰਵਾਰਤਾ: ਆਮ ਤੋਂ ਜ਼ਿਆਦਾ ਪਿਸ਼ਾਬ ਆਉਣਾ

ਪਿਸ਼ਾਬ ਦਾ ਜ਼ੋਰ: ਤੁਰੰਤ ਪਿਸ਼ਾਬ ਕਰਨ ਦੀ ਲੋੜ ਮਹਿਸੂਸ ਹੋਣੀ

ਹਿਮੈਟੂਰੀਆ: ਤੁਹਾਡੇ ਪਿਸ਼ਾਬ ਵਿੱਚ ਖ਼ੂਨ ਆਉਣਾ

ਸੁਪਰਾਪਿਉਬਿਕ ਦਰਦ: ਤੁਹਾਡੇ ਪੇਟ ਦੇ ਹੇਠਲੇ ਹਿੱਸੇ ਵਿੱਚ ਦਰਦ

ਵਿਚਾਰ ਕਰਨ ਲਈ ਹੋਰ ਗੱਲਾਂ

ਹਾਲ ਹੀ ਦਾ ਜਿਨਸੀ ਇਤਿਹਾਸ

- ਜਿਨਸੀ ਗਤੀਵਿਧੀ ਦੇ ਕਾਰਨ ਹੋਣ ਵਾਲੀ ਸੋਜ਼ UTI ਦੇ ਲੱਛਣਾਂ ਵਾਂਗ ਮਹਿਸੂਸ ਹੋ ਸਕਦੀ ਹੈ।
- ਕੁਝ ਜਿਨਸੀ ਤੌਰ 'ਤੇ ਫੈਲਣ ਵਾਲੀਆਂ ਲਾਗਾਂ (STIs) ਦੇ ਲੱਛਣ UTI ਦੇ ਲੱਛਣਾਂ ਵਰਗੇ ਹੀ ਹੋ ਸਕਦੇ ਹਨ।

ਰਜੋ-ਨਿਵਿਰਤੀ ਦੇ ਦੌਰਾਨ ਬਦਲਾਵ

- ਰਜੋ-ਨਿਵਿਰਤੀ ਦੇ ਦੌਰਾਨ ਆਉਣ ਵਾਲੇ ਕੁਝ ਬਦਲਾਵ UTI ਦੇ ਲੱਛਣਾਂ ਵਰਗੇ ਹੋ ਸਕਦੇ ਹਨ।

ਨਤੀਜਾ / ਸਿਫ਼ਾਰਸ਼ ਕੀਤੀ ਦੇਖਭਾਲ

ਗੈਰ ਗਰਭਵਤੀ ਔਰਤਾਂ:

ਨਤੀਜਾ		ਸਿਫ਼ਾਰਸ਼ ਕੀਤੀ ਦੇਖਭਾਲ
ਜੇ ਕੋਈ ਵੀ ਨਹੀਂ ਜਾਂ ਕੇਵਲ ਇਕ ਹੈ: ਡਾਇਸੂਰੀਆ, ਨਵਾਂ ਨੋਕਟੂਰੀਆ, ਧੁੰਦਲਾ ਪਿਸ਼ਾਬ; ਅਤੇ/ਜਾਂ ਯੋਨੀ ਦਾ ਰਿਸਾਵ - UTI ਦੀ ਬਹੁਤ ਘੱਟ ਸੰਭਾਵਨਾ ਹੈ - UTI ਦੀ ਜਾਂਚ ਲਈ ਤੁਹਾਨੂੰ ਪਿਸ਼ਾਬ ਦੀ ਜਾਂਚ ਕਰਵਾਉਣੀ ਪੈ ਸਕਦੀ ਹੈ - ਐਂਟੀਬਾਇਓਟਿਕ ਦਵਾਈਆਂ ਤੋਂ ਮਦਦ ਮਿਲਣ ਦੀ ਘੱਟ ਸੰਭਾਵਨਾ ਹੁੰਦੀ ਹੈ। - ਆਮ ਤੌਰ 'ਤੇ 5 ਤੋਂ 7 ਦਿਨ ਤੱਕ ਰਹਿੰਦੇ ਹਨ।	→	**ਸਵੈ-ਦੇਖਭਾਲ ਅਤੇ ਦਰਦ ਤੋਂ ਰਾਹਤ।** - ਸੰਭਾਵਨਾ ਹੁੰਦੀ ਹੈ ਕਿ ਲੱਛਣ ਆਪਣੇ-ਆਪ ਸਹੀ ਹੋ ਜਾਣਗੇ। **ਸਵੈ-ਦੇਖਭਾਲ ਅਤੇ ਦਰਦ ਦੀ ਰਾਹਤ ਨਾਲ ਦੇਰੀ ਨਾਲ ਜਾਂ ਬੈਕਅੱਪ ਨੁਸਖਾ** ਐਂਟੀਬਾਇਓਟਿਕ ਦਵਾਈਆਂ ਸ਼ੁਰੂ ਕਰੋ ਜੇ ਲੱਛਣ: - ਵਿਗੜਦੇ ਹਨ - ਸਵੈ-ਦੇਖਭਾਲ ਨਾਲ 48 ਘੰਟਿਆਂ ਦੇ ਅੰਦਰ ਬਿਹਤਰ ਨਹੀਂ ਹੁੰਦੇ
ਜੇ ਇਨ੍ਹਾਂ ਵਿਚੋਂ 2 ਜਾਂ ਜ਼ਿਆਦਾ ਹਨ: ਡਾਇਸੂਰੀਆ, ਨਵਾਂ ਨੋਕਟੂਰੀਆ, ਧੁੰਦਲਾ ਪਿਸ਼ਾਬ; ਜਾਂ ਪਿਸ਼ਾਬ ਵਿਚ ਬੈਕਟੀਰੀਆ ਪਾਇਆ ਗਿਆ ਹੈ; ਅਤੇ ਯੋਨੀ ਤੋਂ ਕੋਈ ਰਿਸਾਵ ਨਹੀਂ - UTI ਦੀ ਜ਼ਿਆਦਾ ਸੰਭਾਵਨਾ ਹੈ; ਐਂਟੀਬਾਇਓਟਿਕਸ ਮਦਦ ਕਰਨਗੀਆਂ - ਤੁਹਾਡੀ ਹਾਲਤ ਵਿੱਚ 48 ਘੰਟੇ ਦੇ ਅੰਦਰ ਸੁਧਾਰ ਹੋਣਾ ਸ਼ੁਰੂ ਹੋ ਜਾਣਾ ਚਾਹੀਦਾ ਹੈ - ਲੱਛਣ ਆਮ ਤੌਰ 'ਤੇ 3 ਦਿਨ ਤੱਕ ਰਹਿੰਦੇ ਹਨ।	→	ਤੁਰੰਤ ਐਂਟੀਬਾਇਓਟਿਕ ਦਾ ਨੁਸਖਾ ਅਤੇ ਸਵੈ-ਦੇਖਭਾਲ **ਜੇ ਲੱਛਣ ਹਲਕੇ ਹੋਣ, ਦੇਰੀ ਨਾਲ ਆਉਣ ਜਾਂ ਐਂਟੀਬਾਇਓਟਿਕ ਦਵਾਈਆਂ ਦਾ ਬੈਕ-ਅੱਪ ਨੁਸਖਾ** ਅਤੇ ਸਵੈ-ਦੇਖਭਾਲ

ਗਰਭਵਤੀ ਔਰਤਾਂ: ਹਮੇਸ਼ਾਂ ਪਿਸ਼ਾਬ ਦੇ ਨਮੂਨੇ ਲਈ ਬੇਨਤੀ ਕਰੋ

ਨਤੀਜਾ		ਸਿਫ਼ਾਰਸ਼ ਕੀਤੀ ਦੇਖਭਾਲ
ਜੇ UTI ਦਾ ਸ਼ੱਕ ਹੋਏ	→	ਤੁਰੰਤ ਐਂਟੀਬਾਇਓਟਿਕ ਦਾ ਨੁਸਖਾ ਅਤੇ ਸਵੈ-ਦੇਖਭਾਲ

ਪਿਸ਼ਾਬ ਪ੍ਰਣਾਲੀ ਦੀ ਲਾਗ (UTI) ਦੀਆਂ ਕਿਸਮਾਂ

UTIs, ਆਮ ਤੌਰ 'ਤੇ ਤੁਹਾਡੀ ਅੰਤੜੀ ਤੋਂ ਬੈਕਟੀਰੀਆ ਦੇ ਤੁਹਾਡੀ ਪਿਸ਼ਾਬ ਨਲੀ ਜਾਂ ਮਸਾਨੇ (ਬਲੈਡਰ) ਵਿੱਚ ਜਾਣ ਕਰਕੇ ਹੁੰਦੀਆਂ ਹਨ। ਲਾਗਾਂ ਪਿਸ਼ਾਬ ਪ੍ਰਣਾਲੀ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋ ਸਕਦੀਆਂ ਹਨ।



ਗੁਰਦੇ (ਪਿਸ਼ਾਬ ਬਣਾਉਂਦੇ ਹਨ)

ਪਿਸ਼ਾਬ ਪ੍ਰਣਾਲੀ ਦੇ ਉਪਰਲੇ ਹਿੱਸੇ ਵਿੱਚ ਲਾਗ

- ਪਾਇਲੋਨੇਫਰਾਈਟਇਸ (ਪਾਇ-ਲੋ-ਨੇਫ-ਰਾਈਟ-ਇਸ)
  ਇਸ ਪਰਚੇ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ ਅਤੇ ਇਸ ਲਈ ਹਮੇਸ਼ਾਂ ਐਂਟੀਬਾਇਓਟਿਕਸ ਦੀ ਜ਼ਰੂਰਤ ਪੈਂਦੀ ਹੈ

ਬਲੈਡਰ (ਪਿਸ਼ਾਬ ਇਕੱਠਾ ਕਰਦਾ ਹੈ)

ਪਿਸ਼ਾਬ ਪ੍ਰਣਾਲੀ ਦੇ ਹੇਠਲੇ ਹਿੱਸੇ ਵਿੱਚ ਲਾਗ

- ਸਿਸਟਾਈਟਇਸ (ਸਿਸ-ਟਾਈਟ-ਇਸ)

ਪਿਸ਼ਾਬ ਨਲੀ (ਪਿਸ਼ਾਬ ਨੂੰ ਸਰੀਰ ਤੋਂ ਬਾਹਰ ਲਿਜਾਉਂਦੀ ਹੈ)

ਪਿਸ਼ਾਬ ਨਲੀ ਵਿੱਚ ਲਾਗ ਜਾਂ ਸੋਜ਼

- ਯੂਰਇਥਰਾਈਟਇਸ (ਯੂਰ-ਇਥ-ਰਾਈਟ-ਇਸ)

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ COVID-19 ਹੈ ਤਾਂ ਕਿਰਪਾ ਕਰਕੇ ਨਵੀਨਤਮ ਮਾਰਗਦਰਸ਼ਨ ਅਤੇ ਜਾਣਕਾਰੀ ਲਈ GOV.UK ਦੇ ਕੋਰੋਨਾਵਾਇਰਸ ਸੈਕਸ਼ਨ ਅਤੇ NHS 'ਤੇ ਜਾਓ।

ਵਧੇਰੇ ਜਲਦੀ ਨਾਲ ਠੀਕ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਸਵੈ-ਦੇਖਭਾਲ

- ਕਾਫੀ ਸਾਰਾ ਤਰਲ ਪੀਓ ਤਾਂ ਜੋ ਤੁਹਾਨੂੰ ਪਿਆਸ ਮਹਿਸੂਸ ਨਾ ਹੋਵੇ। ਪਾਣੀ, ਕੈਫ਼ੀਨ-ਰਹਿਤ ਅਤੇ ਚੀਨੀ-ਮੁਕਤ ਪੀਣ ਵਾਲੇ ਪਦਾਰਥਾਂ ਸਮੇਤ 6 ਤੋਂ 8 ਗਲਾਸ ਤੱਕ ਪੀਣ ਦਾ ਟੀਚਾ ਬਣਾਓ
- ਜੇ ਤੁਹਾਨੂੰ ਪਹਿਲਾਂ ਕੋਈ ਮਾੜੇ ਪ੍ਰਭਾਵ ਨਹੀਂ ਹੋਏ ਹਨ ਤਾਂ ਦਰਦ ਤੋਂ ਰਾਹਤ ਲਈ ਨਿਯਮਿਤ ਅੰਤਰਾਲਾਂ 'ਤੇ ਪੈਰਾਸੀਟਾਮੋਲ ਜਾਂ ਇਬਿਊਪ੍ਰੋਫਨ ਲਵੋ
- ਮੌਜੂਦਾ ਸਮੇਂ ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਕ੍ਰੈਨਬੈਰੀ ਉਤਪਾਦਾਂ ਜਾਂ ਸਟਾਈਟਇਸ ਦੇ ਸ਼ੈਸ਼ੇ ਨੂੰ ਲੈਣਾ ਤੁਹਾਡੇ ਲੱਛਣਾਂ ਵਿਚ ਸੁਧਾਰ ਵਿਚ ਮਦਦ ਕਰਦਾ ਹੈ
- ਭਵਿੱਖ ਵਿੱਚ UTIs ਨੂੰ ਘਟਾਉਣ ਲਈ 'UTI ਨੂੰ ਰੋਕਣ ਵਿੱਚ ਮਦਦ ਦੇ ਵਿਕਲਪ' ਕਾਲਮ ਵਿੱਚ ਜੋਖਮ ਦੇ ਕਾਰਕਾਂ 'ਤੇ ਵਿਚਾਰ ਕਰੋ।

ਤੁਹਾਨੂੰ ਮਦਦ ਕਦੋਂ ਲੈਣੀ ਚਾਹੀਦੀ ਹੈ?

ਆਪਣੀ ਜੀ ਪੀ (GP) ਪ੍ਰੈਕਟਿਸ ਜਾਂ ਐਨ ਐਚ ਐਸ ਨਾਲ ਸੰਪਰਕ ਕਰੋ

ਹੇਠਾਂ ਦਿੱਤੇ ਲੱਛਣ ਗੰਭੀਰ ਲਾਗ ਦੇ ਸੰਭਾਵੀ ਸੰਕੇਤ ਹਨ ਅਤੇ ਇਹਨਾਂ ਦਾ ਜ਼ਰੂਰੀ ਤੌਰ 'ਤੇ ਮੁਲਾਂਕਣ ਕਰਵਾਇਆ ਜਾਣਾ ਚਾਹੀਦਾ ਹੈ।

ਜੇ ਤੁਸੀਂ ਯਕੀਨੀ ਨਹੀਂ ਹੋ ਕਿ ਲੱਛਣ ਕਿੰਨੇ ਜ਼ਿਆਦਾ ਜ਼ਰੂਰੀ ਹਨ ਤਾਂ ਸਲਾਹ ਲਈ ਫੋਨ ਕਰੋ।

1. ਤੁਹਾਨੂੰ ਕੰਬਣੀ ਆਉਂਦੀ ਹੈ, ਠੰਡ/ਸਰਦੀ ਲੱਗਦੀ ਹੈ ਅਤੇ ਪੱਠਿਆਂ ਦਾ ਦਰਦ ਹੁੰਦਾ ਹੈ।
2. ਤੁਸੀਂ ਉਲਝਣ ਵਿੱਚ ਮਹਿਸੂਸ ਕਰਦੇ ਹੋ, ਜਾਂ ਬਹੁਤ ਨਿੰਦਰਾਏ ਹੋ।
3. ਤੁਸੀਂ ਸਾਰਾ ਦਿਨ ਪਿਸ਼ਾਬ ਨਹੀਂ ਕੀਤਾ ਹੈ।
4. ਤੁਸੀਂ ਉਲਟੀਆਂ ਕਰ ਰਹੇ ਹੋ।
5. ਤੁਸੀਂ ਪਿਸ਼ਾਬ ਵਿੱਚ ਖ਼ੂਨ ਦੇਖਦੇ ਹੋ।
6. ਤੁਹਾਡਾ ਤਾਪਮਾਨ 38°C ਤੋਂ ਵੱਧ ਜਾਂ 36°C ਤੋਂ ਘੱਟ ਹੈ
7. ਤੁਹਾਡੀ ਪਿੱਠ ਵਿੱਚ ਪਸਲੀਆਂ ਦੇ ਬਿਲਕੁਲ ਹੇਠਾਂ ਗੁਰਦੇ ਦਾ ਦਰਦ ਹੈ।
8. ਤੁਹਾਡੇ ਲੱਛਣ ਵਿਗੜ ਜਾਂਦੇ ਹਨ।

UTI ਨੂੰ ਰੋਕਣ ਵਿੱਚ ਮਦਦ ਦੇ ਵਿਕਲਪ

ਇਸ ਨਾਲ ਤੁਹਾਨੂੰ ਇਹਨਾਂ ਜੋਖਮ ਦੇ ਕਾਰਕਾਂ 'ਤੇ ਵਿਚਾਰ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਆਪਣੇ ਗੁਦਾ ਦੁਆਰ ਤੋਂ ਆਪਣੇ ਬਲੈਡਰ ਵਿਚ ਬੈਕਟੀਰੀਆ ਦੇ ਫੈਲਣ ਨੂੰ ਰੋਕੋ: ਜਦੋਂ ਤੁਸੀਂ ਟੋਇਲਟ ਜਾਂਦੇ ਹੋ ਤਾਂ ਅੱਗੇ (ਯੋਨੀ) ਤੋਂ ਪਿੱਛੇ (ਗੁਦਾ ਦੁਆਰ) ਵੱਲ ਪੂੰਝੋ।

ਪਿਸ਼ਾਬ ਕਰਨ ਲਈ ਉਡੀਕ ਕਰਨ ਤੋਂ ਬਚੋ। ਜਿਵੇਂ ਹੀ ਤੁਹਾਨੂੰ ਪਿਸ਼ਾਬ ਕਰਨ ਦੀ ਲੋੜ ਪਵੇ ਪਿਸ਼ਾਬ ਕਰੋ।

ਸੈਕਸ ਕਰਨ ਤੋਂ ਬਾਅਦ ਪਿਸ਼ਾਬ ਕਰੋ ਤਾਂ ਜੋ ਪਿਸ਼ਾਬ ਨਲੀ ਦੇ ਮੂੰਹ ਦੇ ਨੇੜੇ ਕਿਸੇ ਬੈਕਟੀਰੀਆ ਨੂੰ ਬਾਹਰ ਕੱਢ ਦਿੱਤਾ ਜਾਵੇ।

ਯੋਨੀ ਦੇ ਬਾਹਰ ਵਾਲੇ ਖੇਤਰ ਨੂੰ ਸੈਕਸ ਤੋਂ ਪਹਿਲਾਂ ਅਤੇ ਬਾਅਦ **ਧੋਵੋ** ਤਾਂ ਜੋ ਪਿਸ਼ਾਬ ਨਲੀ ਦੇ ਮੂੰਹ ਦੇ ਨੇੜੇ ਕਿਸੇ ਬੈਕਟੀਰੀਆ ਨੂੰ ਧੋ ਦਿੱਤਾ ਜਾਵੇ।

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਪੂਰਾ ਦਿਨ ਨਿਯਮਿਤ ਰੂਪ ਵਿੱਚ ਪਿਸ਼ਾਬ ਕਰਦੇ ਹੋ ਕਾਫੀ ਸਾਰਾ ਤਰਲ **ਪੀਓ**, ਖਾਸ ਕਰਕੇ ਗਰਮ ਮੌਸਮ ਦੇ ਦੌਰਾਨ।

ਜੇ ਤੁਹਾਨੂੰ ਵਾਰ-ਵਾਰ UTI ਹੁੰਦੀ ਹੈ, ਤਾਂ ਹੇਠਾਂ ਦਿੱਤਿਆਂ 'ਤੇ ਵੀ ਵਿਚਾਰ ਕਰੋ।

- **ਕ੍ਰੈਨਬੈਰੀ ਉਤਪਾਦ ਅਤੇ D-ਮੈਨੋਸ:** ਇਸ ਬਾਰੇ ਕੁਝ ਸਬੂਤ ਮੌਜੂਦ ਹਨ ਕਿ ਇਹ ਵਾਰ-ਵਾਰ ਹੋਣ ਵਾਲੀ UTI ਨੂੰ ਰੋਕਣ ਵਿਚ ਮਦਦ ਕਰਦੇ ਹਨ
- **ਮਾਹਵਾਰੀ ਬੰਦ ਹੋ ਜਾਣ ਦੇ ਬਾਅਦ:** ਸਤਹੀ ਹਾਰਮੋਨਲ ਇਲਾਜ ਸੰਭਾਵੀ ਤੌਰ ਤੇ ਮਦਦ ਕਰ ਸਕਦਾ ਹੈ, ਉਦਾਹਰਨ ਲਈ, ਯੋਨੀ 'ਤੇ ਲਗਾਉਣ ਵਾਲੀਆਂ ਕਰੀਮਾਂ।
- ਰਾਤ ਦੇ ਸਮੇਂ ਜਾਂ ਸੈਕਸ ਤੋਂ ਬਾਅਦ ਐਂਟੀਬਾਇਓਟਿਕਸ ਨੂੰ ਵਿਚਾਰਿਆ ਜਾ ਸਕਦਾ ਹੈ

ਐਂਟੀਬਾਇਓਟਿਕ ਪ੍ਰਤਿਰੋਧ

ਐਂਟੀਬਾਇਓਟਿਕ ਦਵਾਈਆਂ ਜੀਵਨ ਰੱਖਿਅਕ ਹੋ ਸਕਦੀਆਂ ਹਨ। **ਪਰ ਪਿਸ਼ਾਬ ਦੀ ਲਾਗ ਦੇ ਲੱਛਣਾਂ ਲਈ ਹਮੇਸ਼ਾਂ ਐਂਟੀਬਾਇਟਿਕਸ ਦੀ ਜ਼ਰੂਰਤ ਨਹੀਂ ਪੈਂਦੀ ਹੈ**

↓

ਕਿਸੇ ਵੀ ਕਾਰਨ ਕਰਕੇ, ਮੂੰਹ ਰਾਹੀਂ ਲਈਆਂ ਜਾਂਦੀਆਂ ਐਂਟੀਬਾਇਓਟਿਕ ਦਵਾਈਆਂ ਸਾਡੇ ਅੰਤੜੀ ਦੇ ਬੈਕਟੀਰੀਆ 'ਤੇ ਅਸਰ ਕਰਦੀਆਂ ਹਨ।

↓

ਐਂਟੀਬਾਇਓਟਿਕ ਰੋਧੀ ਬਣਨ ਦਾ ਮਤਲਬ ਹੈ ਕਿ ਐਂਟੀਬਾਇਓਟਿਕ ਦਵਾਈਆਂ **ਉਸ ਬੈਕਟੀਰੀਆ ਨੂੰ ਨਹੀਂ ਮਾਰ ਸਕਦੀਆਂ।**

↓

ਐਂਟੀਬਾਇਓਟਿਕ ਦਵਾਈਆਂ ਲੈਣ ਦੇ ਘੱਟੋ ਘੱਟ ਇਕ ਸਾਲ ਬਾਅਦ ਤੱਕ ਵੀਐਂਟੀਬਾਇਓਟਿਕ ਰੋਧੀ ਬੈਕਟੀਰੀਆ ਤੁਹਾਡੀ ਅੰਤੜੀ ਵਿਚ ਰਹਿ ਸਕਦਾ ਹੈ।

↓

ਐਂਟੀਬਾਇਓਟਿਕ ਦਵਾਈਆਂ ਲੈਣ ਦੇ ਆਮ **ਮਾੜੇ ਪ੍ਰਭਾਵਾਂ** ਵਿੱਚ ਸ਼ਾਮਲ ਹਨ ਛਾਲੇ, ਧੱਫੜ, ਉਲਟੀਆਂ ਅਤੇ ਦਸਤ ਲੱਗਣੇ। ਜੇ ਤੁਸੀਂ ਫਿਕਰਮੰਦ ਹੋ ਤਾਂ ਡਾਕਟਰੀ ਸਲਾਹ ਲਵੋ।

↓

ਐਂਟੀਬਾਇਟਿਕਸ ਨੂੰ ਪ੍ਰਭਾਵੀ ਬਣਾਏ ਰੱਖਣ ਲਈ; ਉਨ੍ਹਾਂ ਨੂੰ ਉਸ ਸਮੇਂ ਲਵੋ ਜਦੋਂ ਤੁਹਾਡਾ ਡਾਕਟਰ/ਨਰਸ ਇਨ੍ਹਾਂ ਦੀ ਸਲਾਹ ਦਿੰਦਾ ਹੈ ਇਸ ਤਰ੍ਹਾਂ ਜੇ ਤੁਹਾਨੂੰ ਭਵਿੱਖ ਵਿੱਚ ਕੋਈ UTI ਹੁੰਦੀ ਹੈ ਤਾਂ ਉਹਨਾਂ ਦੇ ਕੰਮ ਕਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

TARGET is operated by the UK Health Security Agency. Developed in collaboration with professional medical bodies. Version 23.5. Published: October 2017. Review October 2021. KAW18-07 © Crown copyright

Keep Antibiotics Working